# 2

# ਬਾਲ ਸੁਰੱਖਿਆ ਅਤੇ ਫੈਮਲੀ ਲਾਅ (ਪਰਿਵਾਰਕ ਕਾਨੂੰਨ)

ਓਨਟਾਰੀਓ ਵਿੱਚ ਔਰਤਾਂ ਲਈ ਫੈਮਲੀ ਲਾਅ



## ਸਾਰੀਆਂ ਔਰਤਾਂ। ਇਕ ਫੈਮਲੀ ਲਾਅ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਬਾਲ ਸੁਰੱਖਿਆ ਅਤੇ ਫੈਮਲੀ ਲਾਅ

*ਇਹ ਪੁਸਤਿਕਾ ਤੁਹਾਨੂੰ ਕਾਨੂੰਨੀ ਮੁੱਦਿਆਂ ਦੀ ਬੁਨਿਆਦੀ ਸਮਝ ਪ੍ਰਦਾਨ ਕਰਨ ਲਈ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਦਾ ਵਿਕਲਪ ਨਹੀਂ ਹੈ। ਜੇ ਤੁਸੀਂ ਫੈਮਲੀ ਲਾਅ ਮੁੱਦਿਆਂ ਨਾਲ ਨਜਿੱਠ ਰਹੇ ਹੋ, ਤਾਂ ਆਪਣੇ ਅਧਿਕਾਰਾਂ ਦੀ ਰਾਖੀ ਲਈ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲਓ। ਫੈਮਲੀ ਲਾਅ ਵਕੀਲ ਨੂੰ ਕਿਵੇਂ ਲੱਭਣਾ ਅਤੇ ਭੁਗਤਾਨ ਕਰਨਾ ਹੈ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ www.onefamilylaw.ca 'ਤੇ "ਫ਼ਾਇੰਡਿੰਗ ਹੈਲਪ ਵਿਦ ਯੌਰ ਫੈਮਲੀ ਲਾਅ" ਪੁਸਤਿਕਾ ਦੇਖੋ।*

ਓਨਟਾਰੀਓ ਵਿੱਚ, ***ਚਾਈਲਡ***, *ਯੂਥ ਐਂਡ ਫੈਮਲੀ ਸਰਵਿਸਿਜ਼ ਐਕਟ ("ਸੀਵਾਈਐਫਐਸਏ")* ਉਹ ਕਾਨੂੰਨ ਹੈ ਜੋ ਬੱਚਿਆਂ ਦੇ ਸਭ ਤੋਂ ਚੰਗੇ ਹਿੱਤਾਂ, ਸੁਰੱਖਿਆ ਅਤੇ ਤੰਦਰੁਸਤੀ ਨੂੰ ਵਧਾਵਾ ਦਿੰਦਾ ਹੈ।

*ਸੀਵਾਈਐਫਐਸਏ* ਇਹ ਮੰਨਦਾ ਹੈ ਕਿ ਬੱਚਿਆਂ ਦੀ ਸੁਰੱਖਿਆ ਲਈ ਸੇਵਾਵਾਂ ਬਾਲ-ਕੇਂਦ੍ਰਿਤ ਹੋਣੀਆਂ ਚਾਹੀਦੀਆਂ ਹਨ।. ਬੱਚਿਆਂ ਦੀ ਸੁਰੱਖਿਆ ਲਈ ਸੇਵਾਵਾਂ ਨੂੰ ਘੱਟ ਤੋਂ ਘੱਟ ਵਿਘਨਕਾਰੀ ਕਾਰਵਾਈ ਯੋਜਨਾ ਬਾਰੇ ਸੋਚਣਾ ਚਾਹੀਦਾ ਹੈ ਅਤੇ ਬੱਚੇ ਲਈ ਸਥਿਰ ਵਾਤਾਵਰਣ ਨੂੰ ਜਾਰੀ ਰੱਖਣ 'ਤੇ ਧਿਆਨ ਦੇਣਾ ਚਾਹੀਦਾ ਹੈ।

*ਸੀਵਾਈਐਫਐਸਏ* ਇਹ ਵੀ ਮੰਨਦਾ ਹੈ ਕਿ ਪ੍ਰਣਾਲੀਗਤ ਨਸਲਵਾਦ ਅਤੇ ਵਿਤਕਰੇ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ ਅਤੇ ਪਰਿਵਾਰ ਲਈ ਸਾਰੀਆਂ ਸੇਵਾਵਾਂ ਲਈ ਵਿਭਿੰਨਤਾ ਅਤੇ ਮਨੁੱਖੀ ਅਧਿਕਾਰਾਂ ਦਾ ਆਦਰ ਕਰਨਾ ਚਾਹੀਦਾ ਹੈ, ਅਤੇ ਬੱਚੇ ਦੀ ਨਸਲ, ਸਭਿਆਚਾਰ, ਲਿੰਗ ਅਤੇ ਹੋਰ ਨਿੱਜੀ ਵਿਸ਼ੇਸ਼ਤਾਵਾਂ ਤੇ ਵਿਚਾਰ ਕਰਨਾ ਚਾਹੀਦਾ ਹੈ।

ਸਰਕਾਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਜਿਨ੍ਹਾਂ ਨੂੰ ਸੁਰੱਖਿਆ ਦੀ ਜ਼ਰੂਰਤ ਹੈ, ਉਹਨਾਂ ਦੀ ਸਹਾਇਤਾ ਲਈ ਬਾਲ ਭਲਾਈ ਏਜੰਸੀਆਂ ਨੂੰ ਫੰਡ ਦਿੰਦੀ ਹੈ। ਇਨ੍ਹਾਂ ਏਜੰਸੀਆਂ ਨੂੰ ਅਕਸਰ ਚਿਲਡਰਨਜ਼ ਏਡ ਸੁਸਾਇਟੀਜ਼ (ਸੀਏਐਸ) ਜਾਂ ਚਾਈਲਡ ਐਂਡ ਫੈਮਲੀ ਸਰਵਿਸਿਜ਼ ਕਿਹਾ ਜਾਂਦਾ ਹੈ।ਸੀਏਐਸ ਦੀ ਭੂਮਿਕਾ ਦੁਰਵਿਵਹਾਰ ਦੇ ਦੋਸ਼ਾਂ ਦੀ ਜਾਂਚ ਕਰਨਾ, ਮਾਰਗ ਦਰਸ਼ਨ ਦੇਣਾ, ਪਰਿਵਾਰਾਂ ਨੂੰ ਇਕੱਠੇ ਰਹਿਣ ਵਿਚ ਸਹਾਇਤਾ ਲਈ ਕੰਮ ਕਰਨਾ ਅਤੇ ਅੱਤ ਦੇ ਮਾਮਲਿਆਂ ਵਿਚ ਬੱਚਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਹਟਾਉਣਾ ਹੈ। ਸੀਏਐਸ ਬੱਚਿਆਂ ਅਤੇ ਨੌਜਵਾਨਾਂ ਦੀ ਦੇਖਭਾਲ ਪ੍ਰਦਾਨ ਕਰਦਾ ਹੈ, ਉਨ੍ਹਾਂ ਨੂੰ ਫੌਸਟਰ ਕੇਅਰ ਅਤੇ ਗੋਦ ਲੈਣ ਲਈ ਰੱਖਦਾ ਹੈ, ਅਤੇ ਪਰਿਵਾਰਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।

ਇੱਕ ਮਾਤਾ ਜਾਂ ਪਿਤਾ ਹੋਣ ਦੇ ਨਾਤੇ, ਤੁਹਾਡਾ ਕਾਨੂੰਨੀ ਫਰਜ਼ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਨੁਕਸਾਨ ਤੋਂ ਬਚਾਓ ਅਤੇ ਉਨ੍ਹਾਂ ਦੀਆਂ ਬੁਨਿਆਦੀ ਜ਼ਰੂਰਤਾਂ ਜਿਵੇਂ ਭੋਜਨ ਅਤੇ ਰਿਹਾਇਸ਼ ਮੁਹੱਈਆ ਕਰੋ। ਜੇ ਸੀਏਐਸ ਕੋਲ ਵਿਸ਼ਵਾਸ ਕਰਨ ਦਾ ਕੋਈ ਕਾਰਨ ਹੈ ਕਿ ਤੁਸੀਂ ਅਜਿਹਾ ਨਹੀਂ ਕਰ ਰਹੇ ਹੋ, ਤਾਂ ਉਹ ਤੁਹਾਡੇ ਪਰਿਵਾਰ ਦੀ ਜਾਂਚ ਕਰ ਸਕਦਾ ਹੈ।

ਇਹ ਤੈਅ ਕਰਨ ਲਈ ਕਿ ਕੀ ਕਿਸੇ ਬੱਚੇ ਨੂੰ **ਸੁਰੱਖਿਆ ਦੀ ਜ਼ਰੂਰਤ ਹੈ**, ਸੀਏਐਸ ਨੂੰ ਵਿਸ਼ੇਸ਼ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸੀਏਐਸ ਜਾਂਚ ਪੜਤਾਲ ਪੂਰੀ ਕਰਨ ਤੋਂ ਬਾਅਦ, ਇਹ ਫੈਸਲਾ ਕਰੇਗਾ ਕਿ ਅਗਲੇ ਕਦਮ ਕੀ ਹਨ। ਸੀਏਐਸ ਇਹ ਫੈਸਲਾ ਕਰ ਸਕਦਾ ਹੈ ਕਿ ਉਨ੍ਹਾਂ ਨੂੰ ਤੁਹਾਡੇ ਪਰਿਵਾਰ ਨਾਲ ਸ਼ਾਮਲ ਹੋਣ ਦੀ ਜ਼ਰੂਰਤ ਨਹੀਂ ਹੈ ਜਾਂ ਸਹਾਇਤਾ ਲਈ ਤੁਹਾਡੇ ਪਰਿਵਾਰ ਨੂੰ ਕਿਸੇ ਕਮਿਊਨਿਟੀ ਏਜੰਸੀ ਕੋਲ ਭੇਜ ਸਕਦੇ ਹਨ।

ਜੇ ਸੀਏਐਸ ਮੰਨਦਾ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਜ਼ਰੂਰਤ ਹੈ, ਅਤੇ ਇਹ ਕਿ ਬੱਚੇ ਨੂੰ ਘਰ ਵਿੱਚ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ, ਤਾਂ ਇਹ ਤੁਹਾਡੇ ਬੱਚੇ ਨੂੰ ਤੁਹਾਡੇ ਘਰ ਤੋਂ ਹਟਾ ਸਕਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਪਰਿਵਾਰ, ਕਮਿਊਨਿਟੀ ਮੈਂਬਰ ਜਾਂ ਫੌਸਟਰ ਕੇਅਰ ਵਿੱਚ ਰੱਖ ਸਕਦਾ ਹੈ।

## "ਸੁਰੱਖਿਆ ਦੀ ਲੋੜ" ਦਾ ਕੀ ਮਤਲਬ ਹੈ?

*ਸੀਵਾਈਐਫਐਸਏ* ਦੱਸਦਾ ਹੈ ਕਦੋਂ ਕਿਸੇ ਬੱਚੇ ਨੂੰ ਸੁਰੱਖਿਆ ਦੀ ਜ਼ਰੂਰਤ ਹੁੰਦੀ ਹੈ।ਇਸ ਵਿਚ ਸ਼ਾਮਲ ਹੈ ਜੇ:

- ਉਹ ਇਕੱਲਾ/ਲੀ ਰਹਿ ਜਾਂਦਾ/ਦੀ ਹੈ, ਉਸਦੀ ਪਰਵਾਹ ਨਹੀਂ ਕੀਤੀ ਜਾਂਦੀ ਜਾਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ;
- ਉਸ ਨਾਲ ਦੁਰਵਿਵਹਾਰ ਕੀਤਾ ਗਿਆ ਹੈ ਜਾਂ ਦੁਰਵਿਵਹਾਰ ਹੋਣ ਦੀ ਸੰਭਾਵਨਾ ਹੈ;
- ਉਹ ਘਰ ਵਿੱਚ ਬਾਲਗਾਂ ਵਿਚਕਾਰ ਦੁਰਵਿਵਹਾਰ ਜਾਂ ਹਿੰਸਾ ਨੂੰ ਦੇਖਦਾ/ਦੀ ਹੈ।

ਦੁਰਵਿਵਹਾਰ ਵਿੱਚ ਸਰੀਰਕ, ਜਿਨਸੀ ਅਤੇ ਭਾਵਨਾਤਮਕ ਸ਼ੋਸ਼ਣ ਸ਼ਾਮਲ ਹਨ। *ਸੀਵਾਈਐਫਐਸਏ* ਦੇ ਅਧੀਨ, ਇੱਕ ਦੇਖਭਾਲ ਕਰਨ ਵਾਲਾ ਕੋਈ ਵੀ ਬਾਲਗ ਹੁੰਦਾ ਹੈ ਜੋ ਬੱਚੇ ਦੀ ਦੇਖਭਾਲ ਲਈ ਜ਼ਿੰਮੇਵਾਰ ਹੁੰਦਾ ਹੈ। ਇਹ ਮਾਇਨੇ ਨਹੀਂ ਰੱਖਦਾ ਕਿ ਕਿਹੜਾ

ਮਾਤਾ ਜਾਂ ਪਿਤਾ ਜਾਂ ਦੇਖਭਾਲ ਕਰਨ ਵਾਲਾ ਬੱਚੇ ਨਾਲ ਦੁਰਵਿਵਹਾਰ ਕਰ ਰਿਹਾ ਹੈ। ਭਾਵੇਂ ਤੁਸੀਂ ਆਪਣੇ ਬੱਚੇ ਨਾਲ ਦੁਰਵਿਵਹਾਰ ਨਹੀਂ ਕਰ ਰਹੇ ਹੋ, ਤਾਂ ਸੀਏਐਸ ਜਾਂਚ ਕਰ ਸਕਦਾ ਹੈ ਕਿ ਕੀ ਤੁਹਾਨੂੰ ਇਸ ਦੁਰਵਿਵਹਾਰ ਬਾਰੇ ਪਤਾ ਸੀ, ਜਾਂ ਇਸ ਬਾਰੇ ਪਤਾ ਹੋਣਾ ਚਾਹੀਦਾ ਸੀ, ਅਤੇ ਇਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ।

*ਸੀਵਾਈਐਫਐਸਏ* ਦੇ ਅਧੀਨ, ਇੱਕ ਬੱਚੇ ਨੂੰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਹਾਲਾਂਕਿ, ਜਦੋਂ ਸੀਏਐਸ ਇੱਕ ਬੱਚੇ ਲਈ ਦਖਲ ਦਿੰਦਾ ਹੈ ਜੋ 16 ਜਾਂ 17 ਸਾਲ ਦਾ ਹੈ, ਤਾਂ ਬੱਚੇ ਨੂੰ ਲਾਜ਼ਮੀ ਤੌਰ ‘ਤੇ ਇੱਕ ਸਵੈਇੱਛਕ ਸਮਝੌਤੇ ਲਈ ਸਹਿਮਤ (ਸਹਿਮਤੀ) ਹੋਣਾ ਹੋਵੇਗਾ। ਇੱਕ 16 ਜਾਂ 17 ਸਾਲ ਦੀ ਉਮਰ ਦੇ ਬੱਚੇ ਦੀ ਸਹਿਮਤੀ ਤੋਂ ਬਗੈਰ ਉਸਨੂੰ ਘਰ ਤੋਂ ਨਹੀਂ ਹਟਾਇਆ ਜਾ ਸਕਦਾ।

## ਸੀਏਐਸ ਪਰਿਵਾਰਾਂ ਨਾਲ ਕਿਵੇਂ ਸ਼ਾਮਲ ਹੁੰਦਾ ਹੈ?

ਜਿਹੜਾ ਵੀ ਵਿਅਕਤੀ ਮੰਨਦਾ ਹੈ ਕਿ ਇੱਕ ਬੱਚੇ ਨੂੰ ਸੁਰੱਖਿਆ ਦੀ ਜ਼ਰੂਰਤ ਹੈ ਉਸਨੂੰ ਲਾਜ਼ਮੀ ਤੌਰ ‘ਤੇ ਸੀਏਐਸ ਨੂੰ ਦੱਸਣਾ ਚਾਹੀਦਾ ਹੈ। ਇਸ ਨੂੰ **ਰਿਪੋਰਟ ਕਰਨ ਦੀ ਡਿਊਟੀ ਕਿਹਾ ਜਾਂਦਾ ਹੈ।**

ਹਰੇਕ ਪੇਸ਼ੇਵਰ ਜੋ ਬੱਚਿਆਂ ਨਾਲ ਕੰਮ ਕਰਦਾ ਹੈ ਨੂੰ ਲਾਜ਼ਮੀ ਤੌਰ ‘ਤੇ ਸੀਏਐਸ ਨੂੰ ਕਾਲ ਕਰਨਾ ਚਾਹੀਦਾ ਹੈ ਜੇ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਬਦਸਲੂਕੀ ਜਾਂ ਨਜ਼ਰਅੰਦਾਜ਼ ਕਰਨ ਦਾ ਸ਼ੱਕ ਕਰਦੇ ਹਨ। ਇਸ ਵਿੱਚ ਅਧਿਆਪਕ, ਡਾਕਟਰ, ਸਮਾਜ ਸੇਵਕ, ਧਾਰਮਿਕ ਆਗੂ, ਅਤੇ ਡੇਅ ਕੇਅਰ ਵਰਕਰ ਸ਼ਾਮਲ ਹਨ। ਜੇ ਉਹ ਸੀਏਐਸ ਨੂੰ ਰਿਪੋਰਟ ਨਹੀਂ ਕਰਦੇ ਤਾਂ ਉਨ੍ਹਾਂ ‘ਤੇ ਇਕ ਜੁਰਮ ਦਾ ਦੋਸ਼ ਲਗਾਇਆ ਜਾ ਸਕਦਾ ਹੈ।

ਜੇ ਕੋਈ ਬੱਚਾ 16 ਜਾਂ 17 ਸਾਲ ਦਾ ਹੈ, ਤਾਂ ਪੇਸ਼ੇਵਰ ਇਹ ਫੈਸਲਾ ਕਰ ਸਕਦਾ ਹੈ ਕਿ ਕੀ ਉਹ ਬਦਸਲੂਕੀ ਦੀ ਰਿਪੋਰਟ ਸੀਏਐਸ ਨੂੰ ਕਰਨਾ ਚਾਹੁੰਦੇ ਹਨ। ਇਹਨਾਂ ਉਮਰਾਂ ਲਈ ਰਿਪੋਰਟ ਕਰਨਾ ਲਾਜ਼ਮੀ ਨਹੀਂ ਹੈ।

ਰਿਪੋਰਟ ਕਰਨ ਦੀ ਡਿਊਟੀ **ਨਿਰੰਤਰ** ਹੈ। ਇਸਦਾ ਅਰਥ ਇਹ ਹੈ ਕਿ ਜਦੋਂ ਵੀ ਕਿਸੇ ਵਿਅਕਤੀ ਨੇ ਦੁਰਵਿਵਹਾਰ ਬਾਰੇ ਪਹਿਲਾਂ ਹੀ ਦੱਸਿਆ ਹੋਇਆ ਹੈ, ਤਾਂ ਉਹਨਾਂ ਨੂੰ ਕਿਸੇ ਹੋਰ ਸਮੇਂ ਬਾਰੇ ਰਿਪੋਰਟ ਕਰਨਾ ਚਾਹੀਦਾ ਹੈ ਜਦੋਂ ਉਹ ਸੋਚਦੇ ਹਨ ਕਿ ਬੱਚੇ ਦੇ ਨਾਲ ਦੁਰਵਿਵਹਾਰ ਕੀਤਾ ਗਿਆ ਹੈ ਜਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।

ਤੁਸੀਂ ਸਹਾਇਤਾ ਲਈ ਖੁਦ ਸੀਏਐਸ ਨੂੰ ਵੀ ਬੁਲਾ ਸਕਦੇ ਹੋ।

*ਘਰੇਲੂ ਹਿੰਸਾ ਅਤੇ ਸੀਏਐਸ*

ਜੇ ਤੁਹਾਡੇ ਨਾਲ ਦੁਰਵਿਵਹਾਰ ਹੋ ਰਿਹਾ ਹੈ ਅਤੇ ਪੁਲਿਸ ਬੁਲਾਇਆ ਜਾਂਦਾ ਹੈ, ਤਾਂ ਸੀਏਐਸ ਨੂੰ ਵੀ ਤੁਹਾਡੇ ਘਰ ਆਉਣ ਲਈ ਬੁਲਾਇਆ ਜਾ ਸਕਦਾ ਹੈ। ਕਈ ਵਾਰੀ ਜਿਹੜੀਆਂ ਔਰਤਾਂ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਉਹਨਾਂ ਦੀ ਸੀਏਐਸ ਦੁਆਰਾ ਜਾਂਚ ਕੀਤੀ ਜਾਂਦੀ ਹੈ। ਸੀਏਐਸ ਅਜਿਹਾ ਇਸ ਲਈ ਕਰਦਾ ਹੈ ਕਿਉਂਕਿ ਉਸਨੂੰ ਚਿੰਤਾ ਹੈ ਕਿ ਬਾਲਗ ਦੁਆਰਾ ਦੁਰਵਿਵਹਾਰ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪ੍ਰਭਾਵਤ ਕਰ ਰਿਹਾ ਹੈ। ਬੱਚੇ ਦੇ ਸਭ ਤੋਂ ਚੰਗੇ ਹਿੱਤ ਸੀਏਐਸ ਜਾਂਚਾਂ ਦਾ ਮੁੱਦਾ ਹੁੰਦੇ ਹਨ।

ਜੇ ਕੋਈ ਸੀਏਐਸ ਵਰਕਰ ਤੁਹਾਡੇ ਘਰ ਆਉਂਦਾ ਹੈ, ਤਾਂ ਉਹ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਵਾਲ ਪੁੱਛਣਗੇ। ਵਰਕਰ ਤੁਹਾਡੇ ਸਾਥੀ ਨਾਲ ਵੀ ਦੁਰਵਿਵਹਾਰ ਬਾਰੇ ਗੱਲ ਕਰ ਸਕਦਾ ਹੈ।

ਜੇ ਸੀਏਐਸ ਮਹਿਸੂਸ ਕਰਦਾ ਹੈ ਕਿ ਤੁਸੀਂ ਉਹ ਨਹੀਂ ਕਰ ਰਹੇ ਹੋ ਜੋ ਤੁਹਾਨੂੰ ਆਪਣੇ ਬੱਚੇ ਨੂੰ ਨੁਕਸਾਨ ਤੋਂ ਬਚਾਉਣ ਲਈ ਕਰਨਾ ਚਾਹੀਦਾ ਹੈ, ਤਾਂ ਉਹ ਤੁਹਾਡੇ ਬੱਚੇ ਨੂੰ ਹਟਾ ਸਕਦੇ ਹਨ ਭਾਵੇਂ ਤੁਸੀਂ ਦੁਰਵਿਵਹਾਰ ਕਰਨ ਵਾਲੇ ਨਹੀਂ ਹੋ। ਤੁਹਾਡੇ ਸਭ ਤੋਂ ਵਧੀਆ ਵਿਕਲਪ ਕੀ ਹਨ, ਇਹ ਪਤਾ ਲਗਾਉਣ ਲਈ ਇੱਕ ਵਕੀਲ ਨਾਲ ਗੱਲ ਕਰਨਾ ਬਹੁਤ ਮਹੱਤਵਪੂਰਨ ਹੈ।

## ਜਦੋਂ ਸੀਏਐਸ ਸ਼ਾਮਲ ਹੁੰਦਾ ਹੈ ਤਾਂ ਕੀ ਹੁੰਦਾ ਹੈ?

### ਕਦਮ 1: ਸਕ੍ਰੀਨਿੰਗ

ਜਦੋਂ ਕੋਈ ਸੀਏਐਸ ਨੂੰ ਕਾਲ ਕਰਦਾ ਹੈ ਜਾਂ ਕੋਈ ਰਿਪੋਰਟ ਕਰਦਾ ਹੈ, ਤਾਂ ਇੱਕ ਬਾਲ ਸੁਰੱਖਿਆ ਕਰਮਚਾਰੀ ਸ਼ੁਰੂਆਤੀ ਜਾਂਚ ਕਰੇਗਾ। ਇਸਦਾ ਅਰਥ ਇਹ ਹੈ ਕਿ ਬਾਲ ਸੁਰੱਖਿਆ ਕਰਮਚਾਰੀ ਰਿਪੋਰਟ ਨੂੰ ਵੇਖਣ ਲਈ ਕੁਝ ਕਦਮ ਚੁੱਕੇਗਾ ਤਾਂ ਕਿ ਉਹ ਇਹ ਫੈਸਲਾ ਕਰ ਸਕੇ ਕਿ ਕੀ ਸੀਏਐਸ ਨੂੰ ਤੁਹਾਡੇ ਪਰਿਵਾਰ ਨਾਲ ਸ਼ਾਮਲ ਹੋਣ ਦੀ ਜ਼ਰੂਰਤ ਹੈ ਜਾਂ ਨਹੀਂ। ਕਈ ਵਾਰੀ ਸੀਏਐਸ ਇਹ ਫੈਸਲਾ ਕਰੇਗਾ ਕਿ ਇਸ ਮੁਕਾਮ ‘ਤੇ ਉਸਨੂੰ ਹੋਰ ਵਧੇਰੇ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸੰਤੁਸ਼ਟ ਹੈ ਕਿ ਤੁਹਾਡੇ ਬੱਚੇ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ ਗਈ ਹੈ। ਬਾਲ ਸੁਰੱਖਿਆ ਕਰਮਚਾਰੀ ਤੁਹਾਡੇ ਪਰਿਵਾਰ ਨੂੰ ਕਮਿਊਨਿਟੀ ਵਿੱਚ ਉਪਲਬਧ ਸੇਵਾਵਾਂ ਨਾਲ ਵੀ ਜੋੜ ਸਕਦਾ ਹੈ।

### ਕਦਮ 2: ਪੜਤਾਲ

ਸਕ੍ਰੀਨਿੰਗ (ਕਦਮ 1) ਤੋਂ ਬਾਅਦ, ਸੀਏਐਸ ਜਾਂਚ ਕਰਨ ਦਾ ਫੈਸਲਾ ਕਰ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਸੀਏਐਸ ਤੁਹਾਡੇ ਘਰ ਜਾਵੇਗਾ ਅਤੇ ਤੁਹਾਡੇ ਨਾਲ, ਤੁਹਾਡੇ ਸਾਥੀ ਅਤੇ ਤੁਹਾਡੇ ਬੱਚੇ ਨਾਲ ਗੱਲ ਕਰੇਗਾ। ਸੀਏਐਸ ਘਰ ਤੋਂ ਬਾਹਰਲੇ ਲੋਕਾਂ ਜਿਵੇਂ ਕਿ ਪਰਿਵਾਰ ਦੇ ਦੂਜੇ ਮੈਂਬਰ, ਅਧਿਆਪਕ, ਡਾਕਟਰ ਜਾਂ ਗੁਆਂਢੀਆਂ ਦੇ ਨਾਲ ਵੀ ਇੰਟਰਵਿਊ ਕਰ ਸਕਦਾ ਹੈ।

ਸੀਏਐਸ ਦੁਆਰਾ ਜਾਂਚ ਕੀਤੀ ਜਾਣੀ ਬਹੁਤ ਗੰਭੀਰ ਹੈ। ਜੇ ਤੁਸੀਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਨਹੀਂ ਕਰਦੇ, ਤਾਂ ਸੀਏਐਸ ਹੋਰ ਸ਼ਾਮਲ ਹੋ ਸਕਦੀ ਹੈ ਕਿਉਂਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ। ਇਹ ਕਦਮ ਚੁੱਕਣਾ ਮਹੱਤਵਪੂਰਣ ਹੈ ਜੋ ਇਹ ਦਰਸਾਉਂਦਾ ਹੈ ਕਿ ਤੁਸੀਂ ਸੀਏਐਸ ਦੁਆਰਾ ਵਾਜਬ ਬੇਨਤੀਆਂ ਦੇ ਨਾਲ ਸਹਿਯੋਗ ਕਰ ਰਹੇ ਹੋ ਅਤੇ ਸਮੱਸਿਆਵਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹੋ। ਪਰ, ਜੇ ਤੁਹਾਨੂੰ ਕੋਈ ਕਾਨੂੰਨੀ ਮਦਦ ਚਾਹੀਦੀ ਹੈ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ।

ਜਾਂਚ ਦੇ ਅੰਤ ‘ਤੇ, ਸੀਏਐਸ ਇਹ ਫੈਸਲਾ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਜ਼ਰੂਰਤ ਨਹੀਂ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਹੋਰ ਕੋਈ ਕਦਮ ਨਹੀਂ ਚੁੱਕੇਗੀ।

### ਕਦਮ 3: ਸੇਵਾ ਸਮਝੌਤੇ ਜਾਂ ਕੋਰਟ ਐਕਸੈਸ

ਜੇ ਸੀਏਐਸ ਇਹ ਫੈਸਲਾ ਲੈਂਦਾ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਜਰੂਰਤ ਹੈ, ਤਾਂ ਇਹ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰੇਗੀ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ। ਇਸ ਕਾਰਵਾਈ ਵਿੱਚ ਤੁਹਾਡੇ ਪਰਿਵਾਰ ਨਾਲ ਅਦਾਲਤ ਤੋਂ ਬਾਹਰ (ਸਵੈਇੱਛਤ) ਮੁਸ਼ਕਲਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਲਈ ਕੰਮ ਕਰਨਾ ਸ਼ਾਮਲ ਹੈ, ਤਾਂ ਜੋ ਤੁਹਾਡਾ ਬੱਚਾ ਤੁਹਾਡੇ ਘਰ ਵਿੱਚ ਰਹਿ ਸਕੇ।

ਬਹੁਤੇ ਮਾਮਲਿਆਂ ਵਿੱਚ ਜਿੱਥੇ ਸੀਏਐਸ ਅਦਾਲਤ ਤੋਂ ਬਾਹਰ ਪਰਿਵਾਰਾਂ ਨਾਲ ਕੰਮ ਕਰ ਰਿਹਾ ਹੈ, ਇਹ ਤੁਹਾਨੂੰ **ਇੱਕ ਸਵੈਇੱਛੁਕ ਸੇਵਾ ਸਮਝੌਤੇ** ‘ਤੇ ਦਸਤਖਤ ਕਰਨ ਲਈ ਕਹੇਗਾ ਜਿਸ ਵਿੱਚ ਤੁਸੀਂ ਉਹ ਕਦਮ ਵੀ ਸ਼ਾਮਲ ਕਰੋਗੇ ਜਿਸ ਵਿੱਚ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ।

ਇੱਕ ਸਵੈਇੱਛੁਕ ਸੇਵਾ ਸਮਝੌਤੇ ਵਿੱਚ ਘਰੇਲੂ ਮੁਲਾਕਾਤਾਂ, ਪਾਲਣ ਪੋਸ਼ਣ ਦੇ ਕੋਰਸ, ਕਾਉਂਸਲਿੰਗ ਜਾਂ ਡਰੱਗ ਟੈਸਟਿੰਗ ਵਰਗੀਆਂ ਸੇਵਾਵਾਂ ਨੂੰ ਸਵੀਕਾਰ ਕਰਨਾ ਸ਼ਾਮਲ ਹੋ ਸਕਦਾ ਹੈ।

ਸੀਏਐਸ ਤੁਹਾਨੂੰ ਇੱਕ **ਅਸਥਾਈ ਦੇਖਭਾਲ ਸਮਝੌਤੇ** ‘ਤੇ ਦਸਤਖਤ ਕਰਨ ਲਈ ਕਹਿ ਸਕਦਾ ਹੈ। ਇਹ ਸੀਏਐਸ ਨੂੰ 6 ਮਹੀਨਿਆਂ ਤੱਕ ਬੱਚੇ ਦੀ ਦੇਖਭਾਲ ਕਰਨ ਅਤੇ ਕਸਟਡੀ ਵਿਚ ਰੱਖਣ ਦੀ ਆਗਿਆ ਦਿੰਦਾ ਹੈ। 12 ਸਾਲ ਤੋਂ ਵੱਧ ਉਮਰ ਦੇ ਬੱਚੇ ਨੂੰ ਸਮਝੌਤੇ ਨਾਲ ਸਹਿਮਤ ਹੋਣਾ ਲਾਜ਼ਮੀ ਹੈ।

ਜੇ ਤੁਹਾਨੂੰ ਕਿਸੇ ਸਵੈਇੱਛੁਕ ਸੇਵਾ ਸਮਝੌਤੇ ਜਾਂ ਅਸਥਾਈ ਦੇਖਭਾਲ ਸਮਝੌਤੇ ‘ਤੇ ਦਸਤਖਤ ਕਰਨ ਲਈ ਕਿਹਾ ਗਿਆ ਹੈ, ਤਾਂ ਦਸਤਾਵੇਜ਼ ‘ਤੇ ਦਸਤਖਤ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣਾ ਬਹੁਤ ਜ਼ਰੂਰੀ ਹੈ। ਜੇ ਤੁਹਾਨੂੰ ਹਸਤਾਖਰ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਨਹੀਂ ਮਿਲਦੀ, ਤਾਂ ਵੀ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਜੇ ਤੁਹਾਨੂੰ ਸੀਏਐਸ ਨਾਲ ਮੁਲਾਕਾਤ ਕਰਨ ਵੇਲੇ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਪੈਂਦੀ ਹੈ, ਤਾਂ ਤੁਹਾਨੂੰ ਉਹਨਾਂ ਨੂੰ ਇਹ ਤੁਰੰਤ ਦੱਸ ਦੇਣਾ ਚਾਹੀਦਾ ਹੈ। ਜੇ ਤੁਹਾਨੂੰ ਕਿਸੇ ਹੋਰ ਵਾਧੂ ਸਹਾਇਤਾ ਦੀ ਜਰੂਰਤ ਹੁੰਦੀ ਹੈ, ਜਿਵੇਂ ਕਿ ਕਿਸੇ ਸਹਾਇਕ ਵਿਅਕਤੀ ਦੀਆਂ ਮੀਟਿੰਗਾਂ ਵਿੱਚ ਮੌਜੂਦ ਹੋਣਾ, ਤਾਂ ਤੁਹਾਨੂੰ ਸੀਏਐੱਸ ਨੂੰ ਵੀ ਦੱਸਣਾ ਚਾਹੀਦਾ ਹੈ।

ਜੇ ਤੁਸੀਂ ਇਕ ਸਮਝੌਤੇ ‘ਤੇ ਹਸਤਾਖਰ ਕਰਦੇ ਹੋ ਪਰ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਸੀਏਐਸ ਤੁਹਾਡੇ ਬੱਚੇ ਨੂੰ ਤੁਹਾਡੇ ਘਰ ਤੋਂ ਹਟਾ ਸਕਦਾ ਹੈ।

ਤੁਹਾਡੇ ਦੁਆਰਾ ਇਕ ਸਮਝੌਤੇ ‘ਤੇ ਦਸਤਖਤ ਕਰਨ ਤੋਂ ਬਾਅਦ, ਸੀਏਐਸ ਆਮ ਤੌਰ ‘ਤੇ ਤੁਹਾਡੇ ਪਰਿਵਾਰ ਨਾਲ ਸ਼ਾਮਲ ਰਹੇਗੀ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ ਅਤੇ ਉਸਦੀ ਚੰਗੀ ਦੇਖਭਾਲ ਕੀਤੀ ਜਾ ਰਹੀ ਹੈ ਅਤੇ ਇਹ ਕਿ ਤੁਸੀਂ ਸਮਝੌਤੇ ਦੀ ਪਾਲਣਾ ਕਰ ਰਹੇ ਹੋ।

## ਬੱਚੇ ਨੂੰ ਹਟਾਉਣਾ

ਸੀਏਐਸ ਤੁਹਾਡੇ ਬੱਚੇ ਨੂੰ ਘਰ ਤੋਂ ਹਟਾ ਸਕਦਾ ਹੈ ਜਾਂ ਕੋਲ ਰੱਖ ਸਕਦਾ ਹੈ, ਜੇ ਉਹਨਾਂ ਨੇ ਇਹ ਫੈਸਲਾ ਕੀਤਾ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਜ਼ਰੂਰਤ ਹੈ ਅਤੇ ਤੁਹਾਡੇ ਬੱਚੇ ਨੂੰ ਸੁਰੱਖਿਅਤ ਰੱਖਣ ਦਾ ਕੋਈ ਹੋਰ ਤਰੀਕਾ ਨਹੀਂ ਹੈ।

ਜੇ ਅਜਿਹਾ ਹੁੰਦਾ ਹੈ, ਤੁਰੰਤ ਕਨੂੰਨੀ ਸਲਾਹ ਲਓ।

ਸੀਏਐਸ ਨੂੰ ਲਾਜ਼ਮੀ ਤੌਰ ‘ਤੇ ਬੱਚੇ ਨੂੰ ਘਰ ਤੋਂ ਹਟਾਉਣ ਦੇ ਪੰਜ ਦਿਨਾਂ ਦੇ ਅੰਦਰ ਅਦਾਲਤ ਵਿੱਚ ਜਾਣਾ ਚਾਹੀਦਾ ਹੈ। ਇਸ ਨੂੰ **ਬਾਲ ਸੁਰੱਖਿਆ ਸੁਣਵਾਈ** ਦੀ **ਪਹਿਲੀ ਉਪਸਥਿਤੀ** ਕਿਹਾ ਜਾਂਦਾ ਹੈ।

ਤੁਹਾਡੇ ਬੱਚੇ ਨੂੰ ਹਟਾਏ ਜਾਣ ਤੋਂ ਤੁਰੰਤ ਬਾਅਦ ਤੁਹਾਨੂੰ ਕਨੂੰਨੀ ਸਲਾਹ ਅਤੇ ਪ੍ਰਤੀਨਿਧਤਾ ਲੈਣੀ ਚਾਹੀਦੀ ਹੈ। ਆਮ ਤੌਰ 'ਤੇ ਪਹਿਲੀ ਉਪਸਥਿਤੀ 'ਤੇ, ਜੇ ਮਾਪਿਆਂ ਕੋਲ ਵਕੀਲ ਅਤੇ ਸਬੂਤ ਨਹੀਂ ਹੁੰਦੇ, ਤਾਂ ਅਦਾਲਤ ਸੀਏਐਸ ਦੇ ਸਬੂਤ ਦੇ ਅਧਾਰ 'ਤੇ ਸ਼ੁਰੂਆਤੀ ਆਦੇਸ਼ ਦੇ ਸਕਦੀ ਹੈ ਅਤੇ ਕੇਸ ਨੂੰ ਬਾਅਦ ਦੀ ਤਰੀਕ 'ਤੇ ਤਹਿ ਕਰੇਗੀ ਤਾਂ ਜੋ ਮਾਤਾ-ਪਿਤਾ ਵਕੀਲ ਕਰ ਸਕਣ।

ਜਿੰਨੀ ਜਲਦੀ ਹੋ ਸਕੇ ਤੁਹਾਨੂੰ ਵਕੀਲ ਕਰਨਾ ਚਾਹੀਦਾ ਹੈ। ਉਹ ਤੁਹਾਡੇ ਨਾਲ ਚਰਚਾ ਕਰਨਗੇ ਕਿ ਸੁਣਵਾਈ ਲਈ ਕੇਸ ਨੂੰ ਕਿਵੇਂ ਤਹਿ ਕੀਤਾ ਜਾਵੇ ਤਾਂ ਜੋ ਤੁਸੀਂ ਕਹਾਣੀ ਦੇ ਆਪਣੇ ਪੱਖ ਦੱਸ ਸਕੋ।

ਜੇ ਬੱਚੇ ਨੂੰ ਕਿੱਥੇ ਰੱਖਿਆ ਜਾਣਾ ਚਾਹੀਦਾ ਹੈ ਬਾਰੇ ਤੁਹਾਡੇ ਅਤੇ ਸੀਏਐਸ ਵਿਚਕਾਰ ਇਕ ਸਮਝੌਤਾ ਨਹੀਂ ਹੋ ਸਕਦਾ, ਤਾਂ ਤੁਸੀਂ ਸੁਣਵਾਈ (ਟਰਾਇਲ) ਦੇ ਹੱਕਦਾਰ ਹੋ। ਬਾਲ ਸੁਰੱਖਿਆ ਟ੍ਰਾਇਲ ਦੇ ਪੰਜ ਸੰਭਾਵਤ ਨਤੀਜੇ ਹਨ।

- **ਬਰਖਾਸਤ** ਕਰਨ ਦਾ ਅਰਥ ਹੈ ਕਿ ਅਦਾਲਤ ਇਹ ਫੈਸਲਾ ਕਰਦੀ ਹੈ ਕਿ ਕਿਸੇ ਵੀ ਬਾਲ ਸੁਰੱਖਿਆ ਆਦੇਸ਼ ਦੀ ਜ਼ਰੂਰਤ ਨਹੀਂ ਹੈ।
- **ਸੁਪਰਵਿਜ਼ਨ ਆਰਡਰ** ਦਾ ਅਰਥ ਹੈ ਕਿ ਬੱਚਾ ਆਪਣੇ ਮਾਤਾ ਜਾਂ ਪਿਤਾ, ਪਰਿਵਾਰ ਜਾਂ ਕਮਿਊਨਿਟੀ ਮੈਂਬਰ ਦੇ ਘਰ ਰਹਿੰਦਾ ਹੈ, ਪਰ ਸੀਏਐਸ ਉਨ੍ਹਾਂ ਦੀ ਨਿਗਰਾਨੀ ਵਿਚ ਸ਼ਾਮਲ ਹੁੰਦਾ ਹੈ। ਕੁਝ ਨਿਯਮ ਅਤੇ ਸ਼ਰਤਾਂ ਹੋ ਸਕਦੀਆਂ ਹਨ ਜੋ ਦੇਖਭਾਲ ਕਰਨ ਵਾਲੇ ਨੂੰ ਮੰਨਣੀਆਂ ਚਾਹੀਦੀਆਂ ਹਨ।
- **ਅੰਤਰਿਮ ਸੁਸਾਇਟੀ ਕੇਅਰ** ਦਾ ਅਰਥ ਹੈ ਕਿ ਇੱਕ ਬੱਚੇ ਨੂੰ ਸੀਏਐਸ (ਫੌਸਟਰ ਪੇਰੈਂਟਸ) ਦੀ ਸਮਾਂ ਸੀਮਤ ਕਸਟਡੀ ਵਿੱਚ ਰੱਖਣ ਦਾ ਆਦੇਸ਼ ਦਿੱਤਾ ਗਿਆ ਹੈ।
- **ਐਕਸਟੈਂਡਿਡ ਸੁਸਾਇਟੀ ਕੇਅਰ** ਦਾ ਅਰਥ ਹੈ ਕਿ ਬੱਚਾ ਪੱਕੇ ਤੌਰ 'ਤੇ ਸੀਏਐਸ ਦੀ ਕਸਟਡੀ ਵਿਚ ਹੈ ਅਤੇ ਗੋਦ ਲਿਆ ਜਾ ਸਕਦਾ ਹੈ।
- **ਕਸਟਡੀ ਆਰਡਰ** ਦਾ ਅਰਥ ਹੈ ਕਿ ਮਾਤਾ ਜਾਂ ਪਿਤਾ, ਰਿਸ਼ਤੇਦਾਰ ਜਾਂ ਕਮਿਊਨਿਟੀ ਮੈਂਬਰ ਨੂੰ ਬੱਚੇ ਦੀ ਕਸਟਡੀ ਦਿੱਤੀ ਜਾਂਦੀ ਹੈ।

*ਸੀਵਾਈਐਫਐਸਏ* ਬੱਚਿਆਂ ਨੂੰ ਆਪਣੇ ਐਕਸਟੈਂਡਿਡ ਪਰਿਵਾਰ (ਰਿਸ਼ਤੇਦਾਰਾਂ) ਵਿਚ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ, ਜੇ ਬੱਚੇ ਨੂੰ ਉਨ੍ਹਾਂ ਦੇ ਮਾਤਾ ਜਾਂ ਪਿਤਾ ਕੋਲ ਵਾਪਸ ਨਹੀਂ ਭੇਜਿਆ ਜਾ ਸਕਦਾ।

ਜੇ ਤੁਹਾਡੇ ਬੱਚੇ ਨੂੰ ਤੁਹਾਡੇ ਘਰ ਵਿੱਚੋਂ ਹਟਾਉਣਾ ਲਾਜ਼ਮੀ ਹੈ, ਤਾਂ ਤੁਸੀਂ ਬੱਚੇ ਨੂੰ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਕੋਲ ਰੱਖਣ ਲਈ ਕਹਿ ਸਕਦੇ ਹੋ। ਸੀਏਐਸ ਨੂੰ ਇਹ ਨਿਰਧਾਰਤ ਕਰਨ ਲਈ ਇਸ ਵਿਅਕਤੀ ਦਾ ਘਰੇਲੂ ਮੁਲਾਂਕਣ ਕਰਨਾ ਲਾਜ਼ਮੀ ਹੈ ਕਿ ਕੀ ਉਹ ਬੱਚੇ ਦੀ ਦੇਖਭਾਲ ਕਰ ਸਕਦਾ ਹੈ।

ਜੇ ਤੁਹਾਡੇ ਬੱਚੇ ਦੇ ਨਾਲ ਰਹਿਣ ਲਈ ਕੋਈ ਉਪਯੁਕਤ ਨਹੀਂ ਹੈ, ਤਾਂ ਸੀਏਐਸ ਇੱਕ ਫੌਸਟਰ ਜਾਂ ਸਮੂਹ ਘਰ ਦੀ ਭਾਲ ਕਰੇਗਾ।

ਕੁਝ ਤਰਾਂ ਦੇ ਦੁਰਵਿਵਹਾਰ ਵੀ ਜੁਰਮ ਹਨ। ਸੀਏਐਸ ਦਫਤਰਾਂ ਦੀਆਂ ਨੀਤੀਆਂ ਹਨ ਜੋ ਕਹਿੰਦੀਆਂ ਹਨ ਕਿ ਜਦੋਂ ਵੀ ਕੋਈ ਉਨ੍ਹਾਂ ਨੂੰ ਸਰੀਰਕ ਸ਼ੋਸ਼ਣ ਅਤੇ ਜਿਨਸੀ ਸ਼ੋਸ਼ਣ ਬਾਰੇ ਦਸਦਾ ਹੈ ਤਾਂ ਉਹ ਲਾਜ਼ਮੀ ਤੌਰ ‘ਤੇ ਪੁਲਿਸ ਨੂੰ ਰਿਪੋਰਟ ਕਰਨਾ ਹੋਵੇਗਾ। ਪੁਲਿਸ ਦੁਰਵਿਵਹਾਰ ਦੀ ਜਾਂਚ ਕਰੇਗੀ ਅਤੇ ਅਪਰਾਧਿਕ ਦੋਸ਼ ਲਗਾ ਸਕਦੀ ਹੈ। ਅਪਰਾਧਿਕ ਕੇਸ ਬੱਚਿਆਂ ਦੀ ਸੁਰੱਖਿਆ ਦੀਆਂ ਸੁਣਵਾਈਆਂ ਤੋਂ ਇਲਾਵਾ ਹੋਣਗੇ। ਅਪਰਾਧਿਕ ਦੋਸ਼ ਬੱਚੇ ਦੀ ਸੁਰੱਖਿਆ ਦੇ ਕੇਸ ਨੂੰ ਦੂਰ ਨਹੀਂ ਕਰਦੇ। ਜੇ ਤੁਹਾਡੇ ‘ਤੇ ਕਿਸੇ ਜੁਰਮ ਦਾ ਦੋਸ਼ ਲਗਾਇਆ ਗਿਆ ਹੈ ਤਾਂ ਤੁਹਾਨੂੰ ਤੁਰੰਤ ਕਿਸੇ ਕ੍ਰਿਮਿਨਲ ਵਕੀਲ ਤੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## ਜਨਮ ਦੇ ਸਮੇਂ ਲੈ ਲਿਆ ਜਾਣਾ

ਜੇ ਤੁਹਾਡੇ ਬੱਚੇ ਦੀ ਸੁਰੱਖਿਆ ਲਈ ਮਹੱਤਵਪੂਰਣ ਚਿੰਤਾਵਾਂ ਹੋਣ ਤਾਂ ਸੀਏਐਸ ਤੁਹਾਡੇ ਬੱਚੇ ਨੂੰ ਜਨਮ ਦੇ ਸਮੇਂ ਲੈ ਜਾ ਸਕਦੀ ਹੈ। ਕਿਸੇ ਵੀ ਹੋਰ ਸਮੇਂ ਦੀ ਤਰਾਂ, ਸੀਏਐਸ ਨੂੰ ਇਸ ਕਾਰਵਾਈ ਲਈ ਸਪੱਸ਼ਟ ਚਿੰਤਾਵਾਂ ਹੋਣੀਆਂ ਚਾਹੀਦੀਆਂ ਹਨ।

ਉਦਾਹਰਣ ਦੇ ਲਈ, ਸੀਏਐਸ ਸੰਭਾਵਤ ਤੌਰ ਤੇ ਤੁਹਾਡੇ ਬੱਚੇ ਦੀ ਸੁਰੱਖਿਆ ਲਈ ਚਿੰਤਤ ਹੋਵੇਗਾ, ਜੇ:

- ਤੁਹਾਡੇ ਪਹਿਲੇ ਬੱਚਿਆਂ ਨੂੰ ਸੀਏਐਸ ਦੁਆਰਾ ਲਿਆ ਗਿਆ ਹੈ;
- ਤੁਹਾਨੂੰ ਡਰੱਗ ਅਤੇ ਸ਼ਰਾਬ ਦੀ ਗੰਭੀਰ ਸਮੱਸਿਆ ਹੈ;
- ਤੁਸੀਂ ਬੇਘਰ ਹੋ ਜਾਂ ਅਸੁਰੱਖਿਅਤ ਵਾਤਾਵਰਣ ਵਿਚ ਰਹਿ ਰਹੇ ਹੋ; ਜਾਂ
- ਹੋਰ ਪ੍ਰਕਾਰ ਦੀ ਅਸਥਿਰਤਾ, ਜਿਸ ਵਿੱਚ ਤੁਹਾਡੀ ਭਾਵਨਾਤਮਕ ਅਤੇ ਮਾਨਸਿਕ ਸਿਹਤ ਬਾਰੇ ਚਿੰਤਾਵਾਂ ਵੀ ਸ਼ਾਮਲ ਹਨ।

## ਸਾਰ

ਬੱਚਿਆਂ ਦੀ ਸੁਰੱਖਿਆ ਦੀ ਕਾਰਵਾਈ ਜਾਂ ਸੁਣਵਾਈ ਬਹੁਤ ਗੁੰਝਲਦਾਰ ਹੁੰਦੀ ਹੈ। ਉਹ ਤੇਜ਼ੀ ਨਾਲ ਚਲਦੇ ਹਨ। ਜੇ ਤੁਹਾਡੇ ਬੱਚੇ ਨੂੰ ਹਟਾ ਦਿੱਤਾ ਜਾਂਦਾ ਹੈ, ਤਾਂ ਸੀਏਐਸ ਨੂੰ ਲਾਜ਼ਮੀ ਤੌਰ ‘ਤੇ ਕੇਸ ਨੂੰ ਪੰਜ ਦਿਨਾਂ ਦੇ ਅੰਦਰ ਜੱਜ ਸਾਹਮਣੇ ਲਿਆਉਣਾ ਚਾਹੀਦਾ ਹੈ।

ਅਸਥਾਈ ਅਧਾਰ ਤੇ ਇੱਕ ਬੱਚਾ ਫੌਸਟਰ ਦੇਖਭਾਲ ਵਿੱਚ ਕਿੰਨਾ ਸਮਾਂ ਹੋ ਸਕਦਾ ਹੈ, ਇਸ ਲਈ ਬਹੁਤ ਸਖਤ ਸਮਾਂ-ਰੇਖਾਵਾਂ ਵੀ ਹੁੰਦੀਆਂ ਹਨ। 6 ਸਾਲ ਤੋਂ ਘੱਟ ਉਮਰ ਦੇ ਬੱਚੇ ਲਈ, ਵੱਧ ਤੋਂ ਵੱਧ ਸਮਾਂ 12 ਮਹੀਨੇ ਹੁੰਦਾ ਹੈ। ਉਸ ਬੱਚੇ ਲਈ ਜੋ 6 ਸਾਲ ਜਾਂ ਇਸਤੋਂ ਵੱਡਾ ਹੈ, ਵੱਧ ਤੋਂ ਵੱਧ ਸਮਾਂ 24 ਮਹੀਨਿਆਂ ਦਾ ਹੁੰਦਾ ਹੈ। ਜਦੋਂ ਸਮੇਂ ਸੀਮਾ ਪੂਰੀ ਹੋ ਜਾਂਦੀ ਹੈ, ਅਦਾਲਤ ਨੂੰ ਲਾਜ਼ਮੀ ਤੌਰ ‘ਤੇ ਬੱਚੇ ਨੂੰ ਮਾਤਾ ਜਾਂ ਪਿਤਾ, ਕਮਿਊਨਿਟੀ ਜਾਂ ਪਰਿਵਾਰਕ ਮੈਂਬਰ ਨੂੰ ਵਾਪਸ ਕਰਨਾ ਚਾਹੀਦਾ ਹੈ, ਜਾਂ ਬੱਚੇ ਨੂੰ ਇਕ ਐਕਸਟੈਂਡਿਡ ਸੁਸਾਇਟੀ ਵਾਰਡ ਬਣਾਉਣਾ ਚਾਹੀਦਾ ਹੈ (ਅਪਣਾਇਆ ਜਾ ਸਕਦਾ ਹੈ)।

ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲਓ, ਤਾਂ ਜੋ ਤੁਸੀਂ ਸਮਝ ਸਕੋ ਕਿ ਤੁਹਾਡੇ ਬੱਚੇ ਨੂੰ ਵਾਪਸ ਆਉਣ ਲਈ ਕੀ ਕਰਨ ਦੀ ਜ਼ਰੂਰਤ ਹੈ।

**ਜੇ ਤੁਹਾਡੇ ਬੱਚੇ ਨੂੰ ਸੀਏਐਸ ਦੁਆਰਾ ਹਟਾ ਦਿੱਤਾ ਜਾਂਦਾ ਹੈ, ਤਾਂ ਤੁਰੰਤ ਕਨੂੰਨੀ ਸਲਾਹ ਲਓ।** ਇਹ ਸੁਨਿਸ਼ਚਿਤ ਕਰੋ ਕਿ ਤੁਹਾਨੂੰ ਕੋਈ ਅਜਿਹਾ ਵਕੀਲ ਮਿਲਦਾ ਹੈ ਜਿਸਦਾ ਬਾਲ ਸੁਰੱਖਿਆ ਕਨੂੰਨ ਵਿੱਚ ਤਜਰਬਾ ਹੋਵੇ। ਤੁਸੀਂ ਲੀਗਲ ਏਡ ਓਨਟਾਰੀਓ ਜਾਂ ਜਸਟਿਸ ਨੈੱਟ ਨੂੰ ਕਾਲ ਕਰਕੇ ਅਰੰਭ ਕਰ ਸਕਦੇ ਹੋ।

Ontario

The Law Foundation of Ontario

*ਜੇ ਤੁਸੀਂ ਓਨਟਾਰੀਓ ਵਿੱਚ ਰਹਿਣ ਵਾਲੀ ਇੱਕ ਫਰੈਂਕੋਫੋਨ ਔਰਤ ਹੋ, ਤਾਂ ਤੁਹਾਨੂੰ ਫੈਮਲੀ ਲਾਅ ਕੋਰਟ ਦੀ ਕਾਰਵਾਈ ਵਿੱਚ ਫ੍ਰੈਂਚ ਭਾਸ਼ਾ ਦੀਆਂ ਸੇਵਾਵਾਂ ਤੱਕ ਪਹੁੰਚ ਦਾ ਅਧਿਕਾਰ ਹੈ। ਆਪਣੇ ਅਧਿਕਾਰਾਂ ਸੰਬੰਧੀ ਵਧੇਰੇ ਜਾਣਕਾਰੀ ਲਈ, ਕਿਸੇ ਵਕੀਲ, ਕਮਿਊਨਿਟੀ ਲੀਗਲ ਕਲੀਨਿਕ, ਜਾਂ ਫੇਮਾਈਡ ਸਪੋਰਟ ਲਾਈਨ ਨਾਲ 1-877-336-2433 ‘ਤੇ, ਟੀ ਟੀ ਵਾਈ 1-866-860-7082 'ਤੇ ਸੰਪਰਕ ਕਰੋ।*

*ਤੁਸੀਂ ਸਾਡੀ ਵੈਬਸਾਈਟ www.onefamilylaw.ca ਜਾਂ www.undroitdefamille.ca ‘ਤੇ ਫਰੈਂਚ ਵਿਚ ਸੇਵਾਵਾਂ ਕਿਵੇਂ ਪ੍ਰਾਪਤ ਕਰ ਸਕਦੇ ਹੋ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*

## ਉਪਲਬਧ ਪਰਿਵਾਰਕ ਕਾਨੂੰਨ ਦੇ ਵਿਸ਼ੇ*

1. ਅਲਟਰਨੇਟ ਡਿਸਪਿਊਟ ਰੈਜ਼ੋਲਿਊਸ਼ਨ ਅਤੇ ਫੈਮਲੀ ਲਾਅ
2. **ਬਾਲ ਸੁਰੱਖਿਆ ਅਤੇ ਫੈਮਲੀ ਲਾਅ**
3. ਬਾਲ ਸਹਾਇਤਾ
4. ਕ੍ਰਿਮਿਨਲ (ਫੌਜਦਾਰੀ) ਅਤੇ ਫੈਮਲੀ ਲਾਅ
5. ਚਾਈਲਡ ਕਸਟਡੀ ਅਤੇ ਐਕਸੈਸ
6. ਘਰੇਲੂ ਸਮਝੌਤੇ
7. ਫੈਮਲੀ ਲਾਅ ਆਰਬਿਟਰੇਸ਼ਨ
8. ਪਰਵਾਸੀ, ਸ਼ਰਨਾਰਥੀ ਅਤੇ ਗੈਰ-ਅਵਸਥਾ ਵਾਲੀਆਂ ਔਰਤਾਂ ਲਈ ਪਰਿਵਾਰਕ ਕਨੂੰਨ ਦੇ ਮੁੱਦੇ
9. ਆਪਣੀ ਫੈਮਲੀ ਲਾਅ ਸਮੱਸਿਆ ਲਈ ਸਹਾਇਤਾ ਲੱਭਣਾ
10. ਫੈਮਲੀ ਲਾਅ ਵਿਚ ਜਾਇਦਾਦ ਕਿਵੇਂ ਵੰਡੀ ਜਾਂਦੀ ਹੈ
11. ਵਿਆਹ ਅਤੇ ਤਲਾਕ
12. ਸਪਾਊਜ਼ਲ ਸਪੋਰਟ

** ਇਹ ਪੁਸਤਿਕਾ ਮਲਟੀਪਲ ਫਾਰਮੇਟਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ www.onefamilylaw.ca ਵੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨਾਂ ਦੇ ਅਧਿਕਾਰਾਂ ਨੂੰ ਸਮਝਣ ਵਿਚ ਸਹਾਇਤਾ ਲਈ ਵੈਬਸਾਈਟ 'ਤੇ ਵੀ ਵਾਧੂ ਸਮੱਗਰੀ ਪ੍ਰਾਪਤ ਕਰ ਸਕਦੇ ਹੋ।*


flew Family Law Education for Women
Women's Right to Know

fodf Femmes ontariennes et droit de la famille
Le droit de savoir

The Law Foundation of Ontario

Funded by:/Financé par:
Ontario